# ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
## (ਦਫਤਰ ਪ੍ਰਮੁੱਖ ਇੰਜ:/ਐਚ.ਆਰ.ਡੀ, ਆਈ.ਆਰ.ਪੀ.ਸੈਲ ਪਟਿਆਲਾ)

ਵੱਲ

1. ਆਈ.ਜੀ.ਪੀ/ਵੀ ਅਤੇ ਐਸ, ਪੰ:ਸ:ਪਾ:ਕਾ:ਲਿਮ:, ਪਟਿਆਲਾ ।
2. ਸਾਰੇ ਇੰਜੀ:-ਇਨ-ਚੀਫ/ਜਨਰਲ ਮੈਨੇਜਰ/ਮੁੱਖ ਇੰਜੀ: ਅਧੀਨ ਪੰ:ਸ:ਪਾ:ਕਾ: ਲਿਮ: ਵਿਖੇ।
3. ਮੁੱਖ ਪ੍ਰਬੰਧਕੀ ਪੰ:ਸ:ਪਾ:ਕਾ: ਲਿਮ ।
4. ਸਮੂਹ ਉਪ ਮੁੱਖ ਇੰਜੀਨੀਅਰ/ਨਿਗਰਾਨ ਇੰਜੀ: ਅਧੀਨ ਪੰ:ਸ:ਪਾ:ਕਾ: ਲਿਮ ਵਿਖੇ।
5. ਸਮੂਹ ਵਿੱਤੀ ਸਲਾਹਕਾਰ, ਪੰ:ਸ:ਪਾ:ਕਾ: ਲਿਮ:, ਪਟਿਆਲਾ ਵਿਖੇ।
6. ਸਾਰੇ ਮੁੱਖ ਲੇਖਾ ਅਫਸਰ/ਮੁੱਖ ਪੜਤਾਲਕਾਰ/ਮੁੱਖ ਲੇਖਾ ਅਫਸਰ ਅਤੇ ਚੀਫ ਕਾਸਟ ਕੰਟਰੋਲਰ ਅਤੇ ਰਿਡਕਸ਼ਨ, ਪੰ:ਸ:ਪਾ:ਕਾ: ਲਿਮ: ਵਿਖੇ।
7. ਸਮੂਹ ਵਧੀਕ ਨਿਗ:ਇੰਜੀ:/ਸੀਨੀ:ਕਾ:ਕਾ:ਇੰਜੀ: ਪੰ:ਸ:ਪਾ:ਕਾ: ਲਿਮ: ਵਿਖੇ।
8. ਸਾਰੇ ਉਪ ਸਕੱਤਰ/ਅਧੀਨ ਸਕੱਤਰ ਪੰ:ਸ:ਪਾ:ਕਾ: ਲਿਮ: ਵਿਖੇ।

ਮੀਮੋ ਨੰ: 67472/68172 /ਆਈ.ਆਰ.ਪੀ-35ਵਾ-6

ਮਿਤੀ:- 11/7/2013

ਵਿਸ਼ਾ: ਅਨੁਸੂਚਿਤ ਜਾਤੀਆਂ ਲਈ ਬੈਕਲਾਗ ਕੱਢਣ ਸਬੰਧੀ ਸਪੱਸਟੀਕਰਨ ਦੇਣ ਬਾਰੇ।

ਉਪਰੋਕਤ ਵਿਸ਼ੇ ਤੇ ਪੰਜਾਬ ਸਰਕਾਰ ਦੇ ਭਲਾਈ ਵਿਭਾਗ(ਰਿਜ਼ਰਵੇਸ਼ਨ ਸੈਲ), ਚੰਡੀਗੜ੍ਹ ਦੇ ਪੱਤਰ ਨੰ: 3/ 33/05-ਰਸ1/35-40 ਮਿਤੀ 15.01.2013 ਅਤੇ ਪੱਤਰ ਨੰ:3/33/05-ਰਸ1/327 ਮਿਤੀ 29.05.2013 ਦੀਆਂ ਨਕਲਾਂ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹਨਾਂ ਪੱਤਰਾਂ ਵਿਚ ਦਰਜ ਹਦਾਇਤਾਂ ਦੀ ਪਾਲਣਾ ਹੂ-ਬਹੂ ਕੀਤੀ ਜਾਵੇ, ਕਿਉਂਕਿ ਪੰ:ਸ:ਪਾ:ਕਾ: ਲਿਮ: ਵੱਲੋਂ ਇਹ ਪੱਤਰ ਪਾਲਣਾ ਲਈ ਅਪਣਾ ਲਏ ਗਏ ਹਨ।

ਇਹ ਪੱਤਰ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਨੱਥੀ/ਉਪਰੋਕਤ ਅਨੁਸਾਰ

ਉਪ ਸਕੱਤਰ/ਸੇਵਾਵਾਂ-2
ਪਸਪਕਲ, ਪਟਿਆਲਾ।

ਪਿੱਠ ਅੰਕਣ: 68173/68183 /ਆਈ.ਆਰ.ਪੀ-35ਵਾ-6 ਮਿਤੀ 11/7/13

ਉਪਰੋਕਤ ਦਾ ਉਤਾਰਾ ਹੇਠਾਂ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮੈਂਬਰ, ਪਾਵਰ, ਬੀਬੀਐਮਬੀ, ਚੰਡੀਗੜ੍ਹ।
2. ਸਾਰੇ ਮੁੱਖ ਇੰਜੀਨੀਅਰ, ਬੀਬੀਐਮਬੀ/ਬੀਸੀਬੀ।
3. ਸਕੱਤਰ/ ਬੀਬੀਐਮਬੀ, ਚੰਡੀਗੜ੍ਹ।
4. ਐਸ.ਈ./ਇਲੈ.ਯੂਨੀਅਨ, ਟੈਰੇਟਰੀ, ਚੰਡੀਗੜ੍ਹ।
5. ਰੈਜੀਡੈਂਟ ਆਡਿਟ ਆਫਿਸਰ, ਪਟਿਆਲਾ।
6. ਉਪ ਵਿੱਤ ਸਲਾਹਕਾਰ ਅਤੇ ਮੁ.ਲੇ.ਅ., ਬੀਬੀਐਮਬੀ, ਨੰਗਲ।
7. ਵਿੱਤ ਸਲਾਹਕਾਰ ਅਤੇ ਮੁ.ਲੇ.ਅ., ਬਿਆਸ ਪ੍ਰੋਜੈਕਟ ਤਲਵਾੜਾ ਟਾਊਨਸ਼ਿਪ।

ਨੱਥੀ/ਉਪਰੋਕਤ ਅਨੁਸਾਰ

ਉਪ ਸਕੱਤਰ/ਸੇਵਾਵਾਂ-2
ਪਸਪਕਲ, ਪਟਿਆਲਾ।

ਸੀ:ਸੀ: 1. ਉਪ ਮੁੱਖ ਇੰਜਨੀਅਰ/ਆਈ.ਟੀ.ਪੰ.ਰਾ.ਪਾ.ਕਾ.ਲਿਮਿ. ਪਟਿਆਲਾ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਪੱਤਰ ਸਮੇਤ ਸਹਿਲੱਗ ਦੇ ਪੰ:ਰਾ:ਪਾ:ਕਾ: ਲਿਮਿ:ਪਟਿਆਲਾ ਦੀ ਵੈਬਸਾਈਟ ਤੇ ਪਾ ਦਿੱਤਾ ਜਾਵੇ ਜੀ।

ਪੰਜਾਬ ਸਰਕਾਰ
ਭਲਾਈ ਵਿਭਾਗ
(ਰਿਜਰਵੇਸਨ ਸੈਲ)

191

ਸੇਵਾ ਵਿਖੇ,

1. ਸਮੂਹ ਵਿਭਾਗਾਂ ਦੇ ਮੁੱਖੀ।
2. ਸਮੂਹ ਮੰਡਲ ਕਮਿਸਨਰ।
3. ਸਮੂਹ ਜਿਲ੍ਹਿਆਂ ਦੇ ਡਿਪਟੀ ਕਮਿਸਨਰ।
4. ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ।
5. ਸਮੂਹ ਜਿਲ੍ਹਾ ਅਤੇ ਸੈਸਨ ਜੱਜ।
6. ਸਮੂਹ ਉਪ ਮੰਡਲ ਮੈਜਿਸਟ੍ਰੇਟ (ਸਿਵਲ)।

ਮੀਮੋ ਨੰ: 3/33/05-ਰਸ1/35-40
ਮਿਤੀ: ਚੰਡੀਗੜ੍ਹ, 15-1-2013

ਵਿਸ਼ਾ:- ਅਨੁਸੂਚਿਤ ਜਾਤੀਆਂ ਲਈ ਬੈਕਲਾਗ ਕੱਢਣ ਸਬੰਧੀ ਸਪਸਟੀਕਰਨ ਦੇਣ ਬਾਰੇ।

*********

ਉਪਰੋਕਤ ਵਿਸੇ ਦੇ ਹਵਾਲੇ ਵਿੱਚ।

2. ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ ਲਈ ਰਾਖਵਾਂਕਰਨ ਨੂੰ ਅਸਰਦਾਰ ਤਰੀਕੇ ਨਾਲ ਲਾਗੂ ਕਰਨ ਲਈ ਸਰਕਾਰ ਵੱਲੋਂ ਅਧਿਸੂਚਨਾ ਮਿਤੀ 5-10-2006 ਰਾਹੀਂ "ਪੰਜਾਬ ਰਾਜ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ (ਸੇਵਾਵਾਂ ਵਿੱਚ ਰਾਖਵਾਂਕਰਨ) ਐਕਟ-2006" ਨੋਟੀਫਾਈ ਕੀਤਾ ਹੋਇਆ ਹੈ। ਇਸ ਐਕਟ ਦੀ ਧਾਰਾ 6 ਤਹਿਤ ਬੈਕਲਾਗ ਦੀਆਂ ਅਸਾਮੀਆਂ ਨੂੰ ਭਰਨ ਸਬੰਧੀ ਹੇਠ ਲਿਖੇ ਅਨੁਸਾਰ ਉਪਬੰਧ ਹੈ:-

> "6 (1). The backlog or carry forward reserved vacancies for Scheduled Castes shall be treated as a separate class of vacancies and the ceiling of fifty percent on filling up these reserved vacancies in succeeding year or years, shall not apply to such class of vacancies.
>
> (2). The vacancies, referred to in sub-section (1), shall not be considered together with the vacancies of the year in which they are being filled up for determining the ceiling of fifty percent reservation on total number of vacancies of that year.
>
> (3). The backlog or carried forward reserved vacancies for Scheduled Castes shall be calculated keeping in view the total number of vacancies filled up in each cadre or service."

154 28/1/13

3. ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਵਿਭਾਗਾਂ/ਅਦਾਰਿਆਂ ਵੱਲੋਂ ਬੈਕਲਾਗ ਨੂੰ ਨੁਕਤਿਆਂ ਦੇ ਆਧਾਰ ਤੇ ਕੱਢਿਆ ਜਾ ਰਿਹਾ ਹੈ ਜਦੋਂ ਕਿ ਰਾਖਵਾਂਕਰਨ ਐਕਟ 2006 ਦੀ ਧਾਰਾ 6 (3) ਅਨੁਸਾਰ ਅਨੁਸੂਚਿਤ ਜਾਤੀਆਂ ਲਈ ਬੈਕਲਾਗ, ਕਾਡਰ ਵਿੱਚ ਭਰੀਆਂ ਹੋਈਆਂ ਅਸਾਮੀਆਂ ਤੇ ਹੀ ਕੱਢਿਆ ਜਾਣਾ ਹੁੰਦਾ ਹੈ। ਸਰਕਾਰ ਨੇ ਇਸ ਨੂੰ ਬੜੀ ਗੰਭੀਰਤਾ ਨਾਲ ਲਿਆ ਹੈ। ਇਸ ਲਈ ਹਦਾਇਤ ਕੀਤੀ ਜਾਂਦੀ ਹੈ ਕਿ ਵੱਖ-ਵੱਖ ਕਾਡਰਾਂ ਵਿੱਚ ਅਨੁਸੂਚਿਤ ਜਾਤੀਆਂ ਲਈ ਬੈਕਲਾਗ ਕਾਡਰ ਵਿੱਚ ਭਰੀਆਂ ਹੋਈਆਂ ਆਸਾਮੀਆਂ ਤੇ ਹੀ ਕੱਢਿਆ ਜਾਣਾ ਯਕੀਨੀ ਬਣਾਇਆ ਜਾਵੇ।

4. ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਸੰਯੁਕਤ ਸਕੱਤਰ ਭਲਾਈ

ਉਪਰੋਕਤ ਦਾ ਇੱਕ ਉਤਾਰਾ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਸੰਯੁਕਤ ਸਕੱਤਰ ਭਲਾਈ

ਸੇਵਾ ਵਿਖੇ

ਰਾਜ ਦੇ ਸਮੂਹ ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ,
ਪੰਜਾਬ ਸਰਕਾਰ ।

ਅੰ:ਵਿ:ਪੱ: ਨੰ:3/33/05-ਰਸ1/41 ਮਿਤੀ: 15-1-2013

ਪਿੱਠਅੰਕਣ3/33/05-ਰਸ1/42 ਮਿਤੀ: 15-1-2013

ਉਪਰੋਕਤ ਦਾ ਇੱਕ ਉਤਾਰਾ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਸੰਯੁਕਤ ਸਕੱਤਰ ਭਲਾਈ

ਪਿੱਠਅੰਕਣ ਨੰ: 3/33/05-ਰਸ1/43 ਮਿਤੀ: 15-1-2013

ਉਪਰੋਕਤ ਦਾ ਇੱਕ ਉਤਾਰਾ ਸਮੂਹ ਬੋਰਡਾਂ/ਕਾਰਪੋਰੇਸ਼ਨਾਂ ਅਤੇ ਫੈਡਰੇਸ਼ਨਾਂ ਦੇ ਮੁੱਖੀਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਸੰਯੁਕਤ ਸਕੱਤਰ ਭਲਾਈ

ਪਿੱਠਅੰਕਣ ਨੰ:3/33/05-ਰਸ1/44-49 ਮਿਤੀ: 15-1-2013

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਰਜਿਸਟਰਾਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ।
2. ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
3. ਰਜਿਸਟਰਾਰ, ਗੁਰੂ ਨਾਨਕ ਦੇਵ ਯੂਨਵਰਸਿਟੀ, ਅੰਮ੍ਰਿਤਸਰ।
4. ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਮੈਡੀਕਲ ਸਾਇੰਸਿਜ਼, ਫਰੀਦਕੋਟ।
5. ਰਜਿਸਟਰਾਰ, ਡਾ: ਬੀ.ਆਰ ਅੰਬੇਦਕਰ ਤਕਨੀਕੀ ਯੂਨੀਵਰਸਿਟੀ, ਜਲੰਧਰ।
6. ਰਜਿਸਟਰਾਰ, ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸ ਯੂਨੀਵਰਸਿਟੀ, ਲੁਧਿਆਣਾ।

ਸੰਯੁਕਤ ਸਕੱਤਰ ਭਲਾਈ

ਪਿੱਠਅੰਕਣ ਨੰ:3/33/05-ਰਸ1/50-51 ਮਿਤੀ: 15-1-2013

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ।
2. ਸਕੱਤਰ, ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ, ਅਜੀਤਗੜ੍ਹ।

ਸੰਯੁਕਤ ਸਕੱਤਰ ਭਲਾਈ

ਪਿੱਠਅੰਕਣ ਨੰ:3/33/05-ਰਸ1/52 ਮਿਤੀ: 15-1-2013

ਉਪਰੋਕਤ ਦਾ ਇੱਕ ਉਤਾਰਾ ਭਲਾਈ ਵਿਭਾਗ ਵੱਲੋਂ ਰੋਸਟਰ ਚੈਕਿੰਗ ਲਈ ਗਠਿਤ ਕੀਤੀਆਂ ਗਈਆਂ ਟੀਮਾਂ ਦੇ ਅਧਿਕਾਰੀਆਂ ਨੂੰ ਇੰਨ-ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ ।

ਸੰਯੁਕਤ ਸਕੱਤਰ ਭਲਾਈ

ਕਾਪੀ:-

ਨਿੱਜੀ ਸਕੱਤਰ/ਸਕੱਤਰ ਭਲਾਈ

ਪੰਜਾਬ ਸਰਕਾਰ
ਭਲਾਈ ਵਿਭਾਗ
(ਰਿਜ਼ਰਵੇਸ਼ਨ ਸੈਲ)

ਸੇਵਾ ਵਿਖੇ,

1. ਸਮੂਹ ਵਿਭਾਗਾਂ ਦੇ ਮੁੱਖੀ ।
2. ਸਮੂਹ ਮੰਡਲ ਕਮਿਸ਼ਨਰ,।
3. ਸਮੂਹ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰ।
4. ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ ।
5. ਸਮੂਹ ਜਿਲ੍ਹਾ ਅਤੇ ਸੈਸ਼ਨ ਜੱਜ ।
6. ਸਮੂਹ ਉਪ ਮੰਡਲ ਮੈਜਿਸਟ੍ਰੇਟ (ਸਿਵਲ) ।

ਮੀਮੋ ਨੰ: 3/33/2005-ਰਸ1/327

ਮਿਤੀ,ਚੰਡੀਗੜ੍ਹ:- 29-05-2013

ਵਿਸ਼ਾ:- ਅਨੁਸੂਚਿਤ ਜਾਤੀਆ ਲਈ ਬੈਕਲਾਗ ਕੱਢਣ ਸਬੰਧੀ ਸਪਸ਼ਟੀਕਰਨ ਦੇਣ ਬਾਰੇ ।

ਉਪਰੋਕਤ ਵਿਸ਼ੇ ਤੇ ਮੀਮੋ ਨੰ 3/33/2005-ਰਸ1/35-40 ਮਿਤੀ 15-1-2013 ਨੂੰ ਜਾਰੀ ਕੀਤੇ ਪੱਤਰ ਦੀ ਲਗਾਤਾਰਤਾ ਵਿਚ ।

2. ਅਨੁਸੂਚਿਤ ਜਾਤੀਆ ਅਤੇ ਪੱਛੜੀਆ ਸ਼੍ਰੇਣੀਆ ਲਈ ਬੈਕਲਾਗ ਕੱਢਣ ਲਈ ਜੋ ਸਪਸ਼ਟੀਕਰਨ ਦਿੱਤਾ ਗਿਆ ਹੈ ਉਸ ਵਿਚ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਅਤੇ ਪੱਛੜੀਆ ਸ਼੍ਰੇਣੀਆ (ਸੇਵਾਵਾਂ ਵਿਚ ਰਾਖਵਾਂਕਰਨ) ਐਕਟ 2006 ਦੀ ਧਾਰਾ-6 ਤਹਿਤ ਬੈਕਲਾਗ ਦੀਆ ਅਸਾਮੀਆ ਨੂੰ ਭਰਨ ਸਬੰਧੀ ਉਪਬੰਧ ਦਾ ਉਲੇਖ ਦਿੱਤਾ ਗਿਆ ਹੈ।

3. ਬੈਕਲਾਗ ਕਿਵੇਂ ਕੱਢਣਾ ਹੈ, ਸਬੰਧੀ ਹੇਠ ਲਿਖੀ ਉਦਾਹਰਣ ਹੈ:-

" ਜੇਕਰ ਮੁਢਲੀ ਭਰਤੀ ਸਮੇਂ ਕਾਡਰ ਦੀਆ 200 ਪੋਸਟਾਂ ਹਨ ਅਤੇ 25% ਅਨੁਸੂਚਿਤ ਜਾਤੀ ਕੋਟੇ ਦੇ ਹਿਸਾਬ ਨਾਲ 50 ਪੋਸਟਾਂ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਦੀਆ ਬਣਦੀਆਂ ਹਨ। ਜੇਕਰ ਉਹਨ੍ਹਾਂ 200 ਪੋਸਟਾਂ ਵਿਚੋਂ 100 ਪੋਸਟਾਂ ਭਰੀਆਂ ਹੋਈਆਂ ਹਨ ਅਤੇ 100 ਪੋਸਟਾਂ ਖਾਲੀ ਹਨ ਅਤੇ ਅਨੁਸੂਚਿਤ ਜਾਤੀ ਦੇ 22 ਉਮੀਦਵਾਰ ਕੰਮ ਕਰ ਰਹੇ ਹਨ ਤਾ ਬੈਕਲਾਗ ਭਰੀਆ ਹੋਈਆ ਪੋਸਟਾਂ ਯਾਨੀ 100 ਪੋਸਟਾਂ ਦੇ ਅਧਾਰ ਤੇ ਕੱਢਿਆ ਜਾਵੇਗਾ। ਇਸ ਤਰ੍ਹਾਂ ਭਰੀਆਂ ਹੋਈਆਂ 100 ਪੋਸਟਾਂ ਦੇ ਅਗੇਂਸਟ 25 ਅਨੁਸੂਚਿਤ ਜਾਤੀ ਦੇ ਉਮੀਦਵਾਰ ਬਣਦੇ ਹਨ ਅਤੇ 22 ਕੰਮ ਕਰ ਰਹੇ ਹਨ ਤਾ ਬੈਕਲਾਗ 3 ਪੋਸਟਾਂ ਦਾ ਹੋਵੇਗਾ ।

ਜੇਕਰ ਸਰਕਾਰ ਅਗਲੀਆ 100 ਪੋਸਟਾਂ ਨੂੰ ਭਰਦੀ ਹੈ ਤਾਂ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਨੂੰ ਭਰਨ ਲਈ ਕੁੱਲ ਸੰਖਿਆ 3+25 ਹੋਵੇਗੀ ਅਤੇ ਜੋ 3 ਬੈਕਲਾਗ ਹੋਵੇਗਾ ਉਸਨੂੰ ਵੱਖਰੇ ਤੌਰ ਤੇ ਗਿਣਿਆ ਜਾਵੇਗਾ ।

ਵਿਸ਼ੇਸ਼ ਸਕੱਤਰ ਭਲਾਈ (ਐਚ)